27_Nov_5_6_7_Chd.qxd 11/27/2025 11:54 PM Page 3

-ਮਾਮਲਾ ਡੇਰਾਬੱਸੀ ਵਿਖੇ ਪੁਲਿਸ ਨਾਲ ਗੈਂਗਸਟਰਾਂ ਦੇ ਹੋਏ ਮੁਕਾਬਲੇ ਦਾ-

ਦੋ ਗੈਂਗਸਟਰ ਚਾਰ ਦਿਨਾਂ ਦੇ ਪੁਲਿਸ ਰਿਮਾਂਡ 'ਤੇ, ਦੋ ਜ਼ਖ਼ਮੀ ਅਜੇ ਵੀ ਹਸਪਤਾਲ 'ਚ ਦਾਖ਼ਲ

7 ਪਿਸਤੌਲਾਂ, 70 ਜ਼ਿੰਦਾ ਕਾਰਤੂਸ ਤੇ 2 ਦੋ-ਪਹੀਆ ਵਾਹਨ ਬਰਾਮਦ

ਡੇਰਾਬੱਸੀ, 27 ਨਵੰਬਰ (ਰਣਬੀਰ ਸਿੰਘ ਪੜ੍ਹੀ)-ਅੰਬਾਲਾ-ਚੰਡੀਗੜ੍ਹ ਹਾਈਵੇਅ 'ਤੇ ਬੁੱਧਵਾਰ ਦੁਪਹਿਰ ਸਮੇਂ ਡੇਰਾਬੱਸੀ ਦੇ ਸਟੀਲ ਸਟ੍ਰਿਪਸ ਟਾਵਰਜ਼ ਨੇੜੇ ਹੋਏ ਮੁਕਾਬਲੇ ਦੇ ਚਾਰ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ। ਇਸ ਮੁਕਾਬਲੇ ਦੌਰਾਨ ਦੋ ਗੈਂਗਸਟਰਾਂ ਹਰਵਿੰਦਰ ਸਿੰਘ ਭੋਲਾ ਤੇ ਮੁਹੰਮਦ ਸਮੀਰ ਦੇ ਗੋਲੀਆਂ ਲੱਗਣ ਕਾਰਨ ਉਨ੍ਹਾਂ ਨੂੰ ਨੇ ਪੁਲਿਸ ਪਾਰਟੀ 'ਤੇ ਸਿੱਧੀ ਫਾਈਰਿੰਗ ਕਰ ਦਿੱਤੀ ਸੀ ਅਤੇ ਜਵਾਬੀ ਕਾਰਵਾਈ ਦੌਰਾਨ ਦੋ ਗੈਂਗਸਟਰਾਂ ਨੂੰ ਗੋਲੀਆਂ ਲੱਗੀਆਂ ਸਨ। ਇਸ ਦੌਰਾਨ ਦੋ ਪੁਲਿਸ ਜਵਾਨਾਂ ਨੂੰ ਵੀ ਗੋਲੀਆਂ ਲੱਗੀਆਂ ਸਨ, ਪਰ ਬੁਲਟ ਪਰੂਫ ਜੈਕਟਾਂ

ਗੈਂਗਸਟਰਾਂ ਨੂੰ ਡੇਰਾਬੱਸੀ ਅਦਾਲਤ 'ਚ ਪੇਸ਼ ਕਰਨ ਲਈ ਲੈ ਕੇ ਜਾਂਦੀ ਹੋਈ ਪੁਲਿਸ। ਤਸਵੀਰ : ਰਣਬੀਰ ਸਿੰਘ ਪੜ੍ਹੀ

ਮੁਲਜ਼ਮ ਲਾਰੈਂਸ ਬਿਸ਼ਨੋਈ ਗਰੋਹ ਨਾਲ ਸੰਬੰਧਤ-ਪੁਲਿਸ

ਪਹਿਨੇ ਹੋਣ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ। ਪੁਲਿਸ ਦਾ ਦਾਅਵਾ ਹੈ ਕਿ ਇਹ ਚਾਰੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਗਰੋਹ ਨਾਲ ਸੰਬੰਧਤ ਗੋਲਡੀ ਢਿੱਲੋਂ ਦੇ ਹੁਕਮਾਂ 'ਤੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ ਅਤੇ ਇਸੇ ਕਾਰਨ ਉਨ੍ਹਾਂ ਤੋਂ ਵੱਡੀ ਮਾਤਰਾ 'ਚ ਹਥਿਆਰ ਬਰਾਮਦ ਹੋਏ ਸਨ। ਪੁਲਿਸ ਨੇ ਦੱਸਿਆ ਕਿ ਗ੍ਰਿਫ਼ਤਾਰ ਗੈਂਗਸਟਰਾਂ ਦੇ ਕਬਜ਼ੇ 'ਚੋਂ 7 ਪਿਸਤੌਲਾਂ, 70 ਜ਼ਿੰਦਾ ਕਾਰਤੂਸ ਤੇ 2 ਦੋ-ਪਹੀਆ ਵਾਹਨ ਬਰਾਮਦ ਕੀਤੇ ਗਏ ਹਨ।

ਮਾਮਲੇ 'ਚ ਗ੍ਰਿਫ਼ਤਾਰ ਕੀਤੇ ਚਾਰ ਗੈਂਗਸਟਰਾਂ 'ਚੋਂ ਲਖਵਿੰਦਰ ਸਿੰਘ ਵਾਸੀ ਢਕਾਨਸੂ ਕਲਾਂ (ਰਾਜਪੁਰਾ) ਅਤੇ ਰੋਹਿਤ ਸ਼ਰਮਾ ਵਾਸੀ ਰਾਜਪੁਰਾ ਨੂੰ ਵੀਰਵਾਰ ਨੂੰ ਡੇਰਾਬੱਸੀ ਅਦਾਲਤ 'ਚ ਪੇਸ਼ ਕੀਤਾ, ਜਿਥੋਂ ਦੋਵਾਂ ਨੂੰ ਇਲਾਜ ਲਈ ਡੇਰਾਬੱਸੀ ਦੇ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਐੱਸ. ਐੱਸ. ਐਲ. ਟਾਵਰਜ਼ ਨੇੜੇ ਕੀਤੀ ਗਈ ਘੇਰਾਬੰਦੀ ਦੌਰਾਨ ਦੋ-ਪਹੀਆ ਵਾਹਨਾਂ 'ਤੇ ਸਵਾਰ ਗੈਂਗਸਟਰਾਂ

ਚੰਡੀਗੜ੍ਹ ਰਾਸ਼ਟਰੀ ਸ਼ਿਲਪ ਮੇਲੇ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਦੀਆਂ ਤਿਆਰੀਆਂ ਦੀ ਰਿਹਰਸਲ ਕਰਦੇ ਹੋਏ ਕਲਾਕਾਰ। ਤਸਵੀਰ : ਕਮਲਜੀਤ ਸਿੰਘ

ਚੰਡੀਗੜ੍ਹ ਰਾਸ਼ਟਰੀ ਸ਼ਿਲਪ ਮੇਲੇ ਦਾ ਆਗਾਜ਼ ਅੱਜ ਤੋਂ

ਚੰਡੀਗੜ੍ਹ, 27 ਨਵੰਬਰ (ਅਜਾਇਬ ਸਿੰਘ ਔਜਲਾ)-ਚੰਡੀਗੜ੍ਹ ਰਾਸ਼ਟਰੀ ਸ਼ਿਲਪ ਮੇਲੇ ਦੀ ਸ਼ੁਰੂਆਤ 28 ਨਵੰਬਰ ਤੋਂ ਕੀਤੀ ਜਾਵੇਗੀ। ਇਹ ਮੇਲਾ ਉੱਤਰੀ ਜ਼ੋਨ ਸੱਭਿਆਚਾਰਕ ਕੇਂਦਰ, ਪਟਿਆਲਾ ਤੇ ਚੰਡੀਗੜ੍ਹ ਕਲਾ ਅਤੇ ਸੱਭਿਆਚਾਰ ਵਿਭਾਗ ਦੁਆਰਾ ਸਾਂਝੇ ਤੌਰ 'ਤੇ ਕੀਤਾ ਜਾ ਰਿਹਾ ਹੈ। ਉੱਤਰੀ ਜ਼ੋਨ ਸੱਭਿਆਚਾਰਕ ਕੇਂਦਰ ਦੇ ਡਾਇਰੈਕਟਰ ਫੁਰਕਾਨ ਖ਼ਾਨ ਨੇ ਦੱਸਿਆ ਕਿ ਚੰਡੀਗੜ੍ਹ ਦੇ ਮੁੱਖ ਸਕੱਤਰ ਐੱਚ. ਰਾਜੇਸ਼ ਪ੍ਰਸਾਦ ਮੇਲੇ ਦਾ ਉਦਘਾਟਨ ਕਰਨਗੇ। ਗ੍ਰਹਿ ਤੇ ਸੱਭਿਆਚਾਰ ਵਿਭਾਗ ਦੇ ਸਕੱਤਰ ਮਨਦੀਪ ਬਰਾੜ ਅਤੇ ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਸੌਰਭ ਅਰੋੜਾ ਵੀ ਮੌਜੂਦ ਰਹਿਣਗੇ। ਵੱਖ-ਵੱਖ ਰਾਜਾਂ ਦੇ ਸੱਭਿਆਚਾਰਕ ਪ੍ਰਦਰਸ਼ਨ ਤੇ ਪ੍ਰਸਿੱਧ ਕਲਾਕਾਰ ਪ੍ਰੋ. ਅਮਨਦੀਪ ਦੁਆਰਾ ਸੂਫ਼ੀ ਗਾਇਨ ਇਕ ਵਿਸ਼ੇਸ਼ ਆਕਰਸ਼ਨ ਹੋਵੇਗਾ। ਲੋਕ ਨਾਚਾਂ ਦੇ ਨਾਲ ਸੰਗੀਤਕ ਸਾਜ਼ਾਂ ਦੀਆਂ ਪੇਸ਼ਕਾਰੀਆਂ ਵੀ ਵਿਸ਼ੇਸ਼ ਤੌਰ 'ਤੇ ਦਰਸ਼ਕ ਮਾਣ ਸਕਣਗੇ। ਇਸ ਦੌਰਾਨ, ਪ੍ਰਸਿੱਧ ਕੋਰੀਓਗ੍ਰਾਫਰ ਸੁਸ਼ੀਲ ਸ਼ਰਮਾ ਦੁਆਰਾ ਨਿਰਦੇਸ਼ਤ ਵੱਖ-ਵੱਖ ਰਾਜਾਂ ਦੇ ਡੇਢ ਦਰਜਨ ਲੋਕ ਨਾਚਾਂ ਦੀ ਕੋਰੀਓਗ੍ਰਾਫੀ ਕੀਤੀ ਜਾਵੇਗੀ। ਪ੍ਰੋ. ਅਮਨਦੀਪ ਦੀ ਪੰਜਾਬੀ ਸੂਫ਼ੀ ਗਾਇਕੀ ਵੀ ਸਰੋਤਿਆਂ ਦੇ ਸਨਮੁੱਖ ਪੇਸ਼ ਕੀਤੀ ਜਾਵੇਗੀ। ਪ੍ਰੋ. ਅਮਨਦੀਪ ਸਿੰਘ ਨੇ ਹਿੰਦੁਸਤਾਨੀ ਅਤੇ ਗੁਰਮਤਿ ਸੰਗੀਤ ਵਿਚ ਤਾਰ ਸਾਜ਼ ਵਜਾਉਣ ਦੀ ਪਰੰਪਰਾ ਨੂੰ ਮੁੜ ਸੁਰਜੀਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪ੍ਰੋਫੈਸਰ ਅਮਨਦੀਪ ਸਿੰਘ ਨੇ ਨਵੀਂ ਪੀੜ੍ਹੀ ਵਿਚ ਤਾਰ ਸਾਜ਼ਾਂ ਵਿਚ ਦਿਲਚਸਪੀ ਸਿਖਾਉਣ ਅਤੇ ਉਤਸ਼ਾਹਿਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਨਿਰਦੇਸ਼ਕ ਖ਼ਾਨ ਨੇ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ ਸ਼ੁੱਕਰਵਾਰ ਨੂੰ ਸੈਲਾਨੀਆਂ ਨੂੰ ਮੁਫ਼ਤ ਐਂਟਰੀ ਦਿੱਤੀ ਜਾਵੇਗੀ। ਸੈਲਾਨੀ ਵੱਖ-ਵੱਖ ਰਾਜਾਂ ਦੇ ਸੁਆਦੀ ਪਕਵਾਨਾਂ ਦਾ ਸੁਆਦ ਵੀ ਲੈ ਸਕਣਗੇ। ਜੈਪੁਰ ਦੇ ਪ੍ਰਸਿੱਧ ਚਿੱਤਰਕਾਰ ਤੇ ਇੰਸਟਾਲੇਸ਼ਨ ਕਲਾਕਾਰ ਵਿਨੈ ਸ਼ਰਮਾ ਆਪਣੀ ਵਿਲੱਖਣ ਸਥਾਪਨਾ, 'ਕਾਲ ਫਰਮ ਦ ਪਾਸਟ' ਨਾਲ 15ਵੇਂ ਚੰਡੀਗੜ੍ਹ ਰਾਸ਼ਟਰੀ ਸ਼ਿਲਪ ਮੇਲੇ 'ਚ ਹਿੱਸਾ ਲੈ ਰਹੇ ਹਨ। ਇਹ ਸਥਾਪਨਾ 28 ਨਵੰਬਰ ਤੋਂ 7 ਦਸੰਬਰ ਤੱਕ ਕਲਾਗ੍ਰਾਮ ਵਿਖੇ ਪ੍ਰਦਰਸ਼ਿਤ ਕੀਤੀ ਜਾਵੇਗੀ।

ਮੁਬਾਰਕਪੁਰ ਅੰਡਰ-ਪਾਸ 'ਚ ਟਿੱਪਰਾਂ ਦੀ ਲਾਈਨ ਕਾਰਨ ਲੱਗਿਆ ਭਾਰੀ ਜਾਮ

ਹਲਕਾ ਵਿਧਾਇਕ ਰੰਧਾਵਾ ਨੇ ਪੁਲਿਸ ਪ੍ਰਸ਼ਾਸਨ ਨੂੰ ਲਗਾਈ ਲਤਾੜ

ਡੇਰਾਬੱਸੀ, 27 ਨਵੰਬਰ (ਰਣਬੀਰ ਸਿੰਘ ਪੜ੍ਹੀ)-ਡੇਰਾਬੱਸੀ ਦੇ ਮੁਬਾਰਕਪੁਰ-ਭਾਂਖਰਪੁਰ ਰੇਲਵੇ ਅੰਡਰ-ਪਾਸ 'ਚੋਂ ਭਾਰੀ ਵਾਹਨਾਂ ਦੇ ਲਾਂਘੇ 'ਤੇ ਪਾਬੰਦੀ ਹੋਣ ਦੇ ਬਾਵਜੂਦ ਸ਼ਾਮ ਦੇ ਸਮੇਂ ਟਿੱਪਰਾਂ ਦੀ ਲੰਮੀ ਲਾਈਨ ਲੱਗ ਜਾਣ ਕਾਰਨ ਮੁਬਾਰਕਪੁਰ 'ਚ ਭਾਰੀ ਜਾਮ ਦੀ ਸਥਿਤੀ ਬਣ ਗਈ। ਲੋਕਾਂ ਨੇ ਇਸ ਅਸੁਵਿਧਾ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਤਿੱਖੀ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਸਿੱਧੇ ਤੌਰ 'ਤੇ ਹਲਕਾ ਵਿਧਾਇਕ ਨੂੰ ਟੈਗ ਕਰਦੇ ਹੋਏ ਸਥਿਤੀ 'ਤੇ ਕਾਬੂ ਪਾਉਣ ਦੀ ਮੰਗ ਕੀਤੀ। ਸ਼ਿਕਾਇਤ ਮਿਲਦੇ ਹੀ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੀ ਤੁਰੰਤ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਨਾਰਾਜ਼ਗੀ ਜ਼ਾਹਿਰ ਕਰਦਿਆਂ ਮੁਬਾਰਕਪੁਰ ਤੇ ਡੇਰਾਬੱਸੀ ਪੁਲਿਸ ਪ੍ਰਸ਼ਾਸਨ ਨੂੰ ਘੇਰ ਲਿਆ। ਉਨ੍ਹਾਂ ਮੁਬਾਰਕਪੁਰ ਚੌਕੀ ਇੰਚਾਰਜ ਤੇ ਥਾਣਾ ਮੁਖੀ ਡੇਰਾਬੱਸੀ ਨੂੰ ਸਖ਼ਤ ਲਹਿਜ਼ੇ 'ਚ ਪੁੱਛਿਆ ਕਿ 'ਧਾਰਾ 152 ਦਾ ਮਤਲਬ ਕੀ ਹੈ।' ਵਿਧਾਇਕ ਰੰਧਾਵਾ ਨੇ ਖੁੱਲ੍ਹੇ ਤੌਰ 'ਤੇ ਇਹ ਵੀ ਆਖਿਆ ਕਿ 'ਟਿੱਪਰ ਬੰਦ ਹੋਣਗੇ ਸਾਰੇ, ਪੈਸੇ ਲੈ ਕੇ ਛੱਡੋਗੇ।' ਇਹ ਬਿਆਨ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਓਧਰ ਮੌਕੇ 'ਤੇ ਪਹੁੰਚੇ ਡੇਰਾਬੱਸੀ ਦੇ ਥਾਣਾ ਮੁਖੀ ਸਮਿਤ ਮੋਰ ਨੇ ਵਿਧਾਇਕ ਰੰਧਾਵਾ ਨੂੰ ਭਰੋਸਾ ਦਿਵਾਇਆ ਕਿ ਭਵਿੱਖ 'ਚ ਇਥੇ ਜਾਮ ਨਹੀਂ ਲੱਗਣ ਦਿੱਤਾ ਜਾਵੇਗਾ ਅਤੇ ਨਾ ਹੀ ਟਿੱਪਰਾਂ ਨੂੰ ਅੰਡਰ-ਪਾਸ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪੁਲਿਸ ਨੇ ਮੌਕੇ 'ਤੇ ਹੀ ਟ੍ਰੈਫ਼ਿਕ ਨੂੰ ਕਾਬੂ ਕਰਨ ਲਈ ਤੁਰੰਤ ਕਾਰਵਾਈ ਵੀ ਕੀਤੀ। ਇਸ ਸਾਰੀ ਕਾਰਵਾਈ ਦੌਰਾਨ ਮੁਬਾਰਕਪੁਰ ਦੇ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਗਏ।

ਮੇਰਾ ਮਕਸਦ ਲੋਕਾਂ ਦੀ ਪ੍ਰੇਸ਼ਾਨੀ ਨੂੰ ਦੂਰ ਕਰਨਾ-ਰੰਧਾਵਾ

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਦੇ ਘਰ ਵਿਖੇ ਸਮਾਗਮ ਚੱਲ ਰਿਹਾ ਸੀ, ਪਰ ਸੋਸ਼ਲ ਮੀਡੀਆ 'ਤੇ ਜਾਮ ਦੀਆਂ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਹ ਤੁਰੰਤ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਕਿਹਾ ਜਦੋਂ ਧਾਰਾ 152 ਲਗਾ ਕੇ ਭਾਰੀ ਵਾਹਨਾਂ ਲਈ ਅੰਡਰ-ਪਾਸ ਬੰਦ ਕੀਤਾ ਗਿਆ ਹੈ ਤਾਂ ਫਿਰ ਇਥੇ ਟਿੱਪਰ ਕਿਵੇਂ ਆ ਗਏ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਤਕਲੀਫ਼ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

ਡੇਰਾਬੱਸੀ ਦੇ ਮੁਬਾਰਕਪੁਰ ਅੰਡਰ-ਪਾਸ 'ਚੋਂ ਭਾਰੀ ਵਾਹਨਾਂ ਕਰਕੇ ਲੱਗੇ ਜਾਮ ਨੂੰ ਲੈ ਕੇ ਪੁਲਿਸ ਪ੍ਰਸ਼ਾਸਨ ਨੂੰ ਲਤਾੜ ਲਗਾਉਂਦੇ ਹੋਏ ਵਿਧਾਇਕ ਕੁਲਜੀਤ ਸਿੰਘ ਰੰਧਾਵਾ। ਤਸਵੀਰ : ਰਣਬੀਰ ਸਿੰਘ ਪੜ੍ਹੀ

ਪੁੱਡਾ ਭਵਨ ਵਿਖੇ ਮੀਟਿੰਗ ਦੌਰਾਨ ਵਿਚਾਰ-ਚਰਚਾ ਕਰਦੇ ਹੋਏ ਮਾਹਿਰ, ਕਿਸਾਨ ਤੇ ਗਮਾਡਾ ਦੇ ਅਧਿਕਾਰੀ। ਅਜੀਤ ਤਸਵੀਰ

ਏਅਰੋਟ੍ਰੋਪੋਲਿਸ ਖੇਤਰ ਦੇ ਵਿਸਥਾਰ ਲਈ 8 ਪਿੰਡਾਂ ਦੀ 3513 ਏਕੜ ਜ਼ਮੀਨ ਗ੍ਰਹਿਣ ਕਰਨ ਸੰਬੰਧੀ ਮਾਹਿਰਾਂ ਦੇ ਸਮੂਹ ਨੇ ਸਮਾਜਿਕ ਪ੍ਰਭਾਵ ਮੁਲਾਂਕਣ ਦਾ ਕੀਤਾ ਅਧਿਐਨ

ਐੱਸ. ਏ. ਐੱਸ. ਨਗਰ, 27 ਨਵੰਬਰ (ਤਰਵਿੰਦਰ ਸਿੰਘ ਬੈਨੀਪਾਲ)-ਗਮਾਡਾ ਵਲੋਂ ਪੁਰਾਣੇ ਭੂਮੀ ਗ੍ਰਹਿਣ ਐਕਟ ਰਾਹੀਂ ਮੁਹਾਲੀ ਦੇ ਏਅਰੋਟ੍ਰੋਪੋਲਿਸ ਖੇਤਰ ਦਾ ਵਿਸਥਾਰ ਕਰਨ ਲਈ 8 ਪਿੰਡਾਂ ਦੀ 3513 ਏਕੜ ਜ਼ਮੀਨ ਐਕਵਾਇਰ ਕਰਨ ਦੀ ਕਵਾਇਦ ਅਧੀਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਵਲੋਂ ਪ੍ਰੋ. ਡਾ. ਸੰਜੀਵ ਕੁਮਾਰ ਦੀ ਅਗਵਾਈ ਹੇਠਲੀ ਟੀਮ ਵਲੋਂ ਕਰਵਾਏ ਸਮਾਜਿਕ ਪ੍ਰਭਾਵ ਮੁਲਾਂਕਣ ਦਾ ਅਧਿਐਨ ਕਰਨ ਲਈ ਅੱਜ ਮਾਹਿਰਾਂ ਦੇ ਸਮੂਹ ਵਲੋਂ ਪੁੱਡਾ ਭਵਨ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਮਾਹਿਰਾਂ ਦੇ ਸਮੂਹ ਦੇ ਚੇਅਰਮੈਨ ਕੇ. ਐੱਸ. ਸਿੱਧੂ (ਸਾਬਕਾ ਆਈ. ਏ. ਐੱਸ.) ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਖੇਤੀਬਾੜੀ ਯੂਨੀਵਰਸਿਟੀ ਦੀ ਟੀਮ ਤੋਂ ਇਲਾਵਾ ਮਾਹਿਰਾਂ ਦੇ ਸਮੂਹ ਦੇ ਮੈਂਬਰਾਂ, 8 ਪਿੰਡਾਂ ਦੇ ਸਰਪੰਚਾਂ, ਨੰਬਰਦਾਰਾਂ ਤੇ ਕਿਸਾਨਾਂ ਸਮੇਤ ਗਮਾਡਾ ਦੇ ਅਧਿਕਾਰੀਆਂ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ 'ਚ ਕਿਸਾਨ ਆਗੂਆਂ ਵਲੋਂ ਕਿਸਾਨਾਂ ਦਾ ਪੱਖ ਰੱਖਿਆ ਗਿਆ। ਇਸ ਮੌਕੇ ਕਈ ਕਿਸਾਨ ਆਗੂਆਂ ਨੇ ਜ਼ਮੀਨ ਐਕਵਾਇਰ ਕਰਨ ਖ਼ਿਲਾਫ਼ ਵਿਰੋਧ ਵੀ ਦਰਜ ਕਰਵਾਇਆ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖੇਤੀ ਲਈ ਜ਼ਮੀਨਾਂ ਦੀ ਜ਼ਰੂਰਤ ਹੈ। ਕਿਸਾਨਾਂ ਨੇ ਏਅਰੋਟ੍ਰੋਪੋਲਿਸ ਦੇ ਏ. ਬੀ. ਸੀ. ਡੀ. ਤੱਕ ਦੀਆਂ ਪਹਿਲਾਂ ਵਸਾਈਆਂ ਗਈਆਂ ਪਾਕਟਾਂ ਦਾ ਹਾਲੇ ਤੱਕ ਲੋੜੀਂਦਾ ਵਿਕਾਸ ਨਾ ਕਰਨ ਅਤੇ ਬਹੁਤ ਸਾਰੇ ਕਿਸਾਨਾਂ ਨੂੰ ਹਾਲੇ ਤੱਕ ਵੀ ਲੋੜੀਂਦੇ ਲਾਭ ਨਾ ਦੇਣ ਵਰਗੇ ਕਈ ਹੋਰ ਮੁੱਦੇ ਵੀ ਚੁੱਕੇ। ਇਸੇ ਦੌਰਾਨ ਕਿਸਾਨਾਂ ਨੇ ਪੁਰਾਣੇ ਲੈਂਡ ਪੂਲਿੰਗ ਲਾਭ ਨੂੰ ਵਧਾਏ ਜਾਣ 'ਤੇ ਵੀ ਜ਼ੋਰ ਦਿੱਤਾ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਕੇ. ਐੱਸ. ਸਿੱਧੂ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀਆਂ ਸਮੁੱਚੀਆਂ ਭਾਵਨਾਵਾਂ, ਸੁਝਾਵਾਂ ਤੇ ਇਤਰਾਜ਼ਾਂ ਨੂੰ ਗਮਾਡਾ ਦੀ ਉੱਚ ਅਥਾਰਟੀ ਦੇ ਧਿਆਨ ਵਿਚ ਲਿਆਉਣਗੇ ਅਤੇ ਨਵੀਂ ਐਕਵਾਇਰ ਹੋ ਰਹੇ ਖੇਤਰ ਦਾ ਸਾਰਾ ਕੁਝ ਸਮਾਂਬੱਧ ਹੋਵੇਗਾ ਤੇ ਕਿਸਾਨਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਏਅਰੋਟ੍ਰੋਪੋਲਿਸ ਖੇਤਰ ਈ, ਐੱਫ, ਜੀ, ਐੱਚ, ਆਈ, ਜੇ. ਤੱਕ ਦੀਆਂ ਪਾਕਟਾਂ ਲਈ 8 ਪਿੰਡਾਂ ਬੜੀ, ਬਾਕਰਪੁਰ, ਕਿਸ਼ਨਪੁਰਾ, ਛੱਤ, ਪੱਤੋਂ, ਕੁਰੜੀ, ਸਿਆਊ ਤੇ ਮਟਰਾਂ ਦੀ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ। ਇਨ੍ਹਾਂ 'ਚੋਂ ਈ ਪਾਕਟ ਲਈ 758 ਏਕੜ, ਐੱਫ਼ ਪਾਕਟ ਲਈ 445 ਏਕੜ, ਜੀ ਪਾਕਟ ਲਈ 498 ਏਕੜ, ਐੱਚ ਪਾਕਟ ਲਈ 879 ਏਕੜ, ਆਈ ਪਾਇਟ ਲਈ 467 ਏਕੜ ਅਤੇ ਜੇ ਪਾਕਟ ਲਈ 468 ਏਕੜ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ।

8 ਪਿੰਡਾਂ ਦੇ ਨੰਬਰਦਾਰਾਂ, ਸਰਪੰਚਾਂ ਤੇ ਕਿਸਾਨਾਂ ਨੇ ਵੀ ਮੀਟਿੰਗ 'ਚ ਕੀਤੀ ਸ਼ਮੂਲੀਅਤ

ਨਗਰ ਕੌਂਸਲ ਵਲੋਂ ਨਕਸ਼ਾ ਤੇ ਕਮਰਸ਼ੀਅਲ ਫ਼ੀਸਾਂ 'ਚ ਦੁਗਣਾ ਵਾਧਾ

16 ਜੁਲਾਈ ਤੋਂ ਹੋਵੇਗੀ ਨਵੀਆਂ ਦਰਾਂ ਅਨੁਸਾਰ ਵਸੂਲੀ

ਖਰੜ, 27 ਨਵੰਬਰ (ਤਰਸੇਮ ਸਿੰਘ ਜੰਡਪੁਰੀ)-ਮੌਜੂਦਾ ਸਰਕਾਰ ਵਲੋਂ ਨਗਰ ਕੌਂਸਲ ਅਧੀਨ ਪੈਂਦੇ ਰਿਹਾਇਸ਼ੀ ਮਕਾਨਾਂ ਦੇ ਨਕਸ਼ਿਆਂ ਤੇ ਕਮਰਸ਼ੀਅਲ ਫ਼ੀਸਾਂ 'ਚ ਦੁਗਣਾ ਵਾਧਾ ਕੀਤਾ ਗਿਆ ਹੈ। ਨਗਰ ਕੌਂਸਲ ਨੂੰ ਪਹਿਲਾਂ ਮਕਾਨ ਦੀ ਫ਼ੀਸ 1084 ਰੁ. ਪ੍ਰਤੀ ਗਜ਼ ਦੇ ਹਿਸਾਬ ਨਾਲ ਅਦਾ ਕਰਨੀ ਪੈਂਦੀ ਸੀ, ਪਰ ਹੁਣ ਇਹ ਫ਼ੀਸ ਵਧ ਕੇ 2086 ਰੁ. ਪ੍ਰਤੀ ਗਜ਼ ਹੋ ਗਈ ਹੈ। ਇਸੇ ਤਰ੍ਹਾਂ ਕਮਰਸ਼ੀਅਲ ਫ਼ੀਸ ਵੀ ਪਹਿਲਾਂ ਘੱਟ ਹੁੰਦੀ ਸੀ, ਪਰ ਹੁਣ ਉਸ 'ਚ ਦੁਗਣਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜੇਕਰ ਨੈਸ਼ਨਲ ਹਾਈਵੇਅ ਮਾਰਗ ਨੇੜੇ ਦੁਕਾਨਾਂ ਜਾਂ ਸ਼ੋਅਰੂਮਾਂ ਨੂੰ ਪਾਸ ਕਰਵਾਉਣਾ ਹੈ ਤਾਂ ਫ਼ੀਸ ਦੀਆਂ ਦਰਾਂ 'ਚ ਹੋਰ ਵੀ ਵਾਧਾ ਕੀਤਾ ਗਿਆ ਹੈ, ਭਾਵ ਇਕ ਦੁਕਾਨ ਪਾਸ ਕਰਵਾਉਣ ਲਈ ਤਕਰੀਬਨ ਹੁਣ 8 ਕੁ ਲੱਖ ਰੁ. ਖ਼ਰਚਾ ਕਰਨਾ ਪਵੇਗਾ। ਇਥੇ ਹੀ ਬਸ ਨਹੀਂ ਸਰਕਾਰ ਨੇ ਭਾਵੇਂ ਇਸ ਵਾਧੇ ਸੰਬੰਧੀ 24 ਨਵੰਬਰ ਨੂੰ ਹੁਕਮ ਜਾਰੀ ਕੀਤੇ ਹਨ, ਪਰ ਪਹਿਲਾਂ 16 ਜੁਲਾਈ ਤੋਂ ਜਿਹੜੇ ਨਕਸ਼ੇ ਪਾਸ ਹੋ ਚੁੱਕੇ ਹਨ, ਉਨ੍ਹਾਂ ਦੀ ਵੀ ਅੱਜ ਦੇ ਨਵੇਂ ਰੇਟਾਂ ਮੁਤਾਬਿਕ ਵਸੂਲੀ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਸਰਕਾਰ ਵਲੋਂ ਦੋ ਕੁ ਮਹੀਨੇ ਪਹਿਲਾਂ ਕੁਲੈਕਟਰ ਰੇਟਾਂ 'ਚ 10 ਤੋਂ ਲੈ ਕੇ 20 ਫ਼ੀਸਦੀ ਤੱਕ ਵਾਧਾ ਕੀਤਾ ਗਿਆ